# Meeting of BRICS Ministers of Foreign Affairs/International Relations

May 19, 2022

## ਬ੍ਰਿਕਸ ਦੇ ਵਿਦੇਸ਼ /ਆਲਮੀ ਸਬੰਧਾਂ ਦੇ ਮੰਤਰੀਆਂ ਦੀ ਮੀਟਿੰਗ

19 ਮਈ, 2022

ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੇ **19** ਮਈ, **2022** ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਬ੍ਰਿਕਸ ਮੁਲਕਾਂ ਦੇ ਵਿਦੇਸ਼ / ਆਲਮੀ ਸਬੰਧਾਂ ਦੇ ਮੰਤਰੀਆਂ ਦੀ ਮੀਟਿੰਗ ਵਿੱਚ ਹਿੱਸਾ ਲਿਆ। ਇਸ ਮੀਟਿੰਗ ਦੀ ਪ੍ਰਧਾਨਗੀ ਬ੍ਰਿਕਸ ਰੋਟੇਟਿੰਗ ਪ੍ਰੈਜ਼ੀਡੈਂਸੀ ਅਨੁਸਾਰ ਚੀਨੀ ਲੋਕ ਗਣਰਾਜ ਦੇ ਵਿਦੇਸ਼ ਮੰਤਰੀ ਸ੍ਰੀ. ਵੈਂਗ ਯੀ ਨੇ ਕੀਤੀ। ਬ੍ਰਾਜ਼ੀਲ ਸੰਘੀ ਗਣਰਾਜ ਦੇ ਵਿਦੇਸ਼ ਮੰਤਰੀ ਰਾਜਦੂਤ ਕਾਰਲੋਸ ਅਲਬਰਟੋ ਫ੍ਰੈਂਕੋ ਫ੍ਰਾਂਕਾ, ਰੂਸੀ ਸੰਘ ਦੇ ਵਿਦੇਸ਼ ਦੇ ਮੰਤਰੀ ਰਾਜਦੂਤ ਸਰਗੇਈ ਲਾਵਰੋਵ ਅਤੇ ਦੱਖਣੀ ਅਫਰੀਕਾ ਗਣਰਾਜ ਦੀ ਅੰਤਰਰਾਸ਼ਟਰੀ ਸਬੰਧਾਂ ਬਾਰੇ ਅਤੇ ਸਹਿਕਾਰਤਾ ਮੰਤਰੀ ਸ੍ਰੀਮਤੀ ਗ੍ਰੇਸ ਨਲੇਡੀ ਮੰਡੀਸਾ ਪੰਡੋਰ ਨੇ ਆਪੋ-ਆਪਣੇ ਵਫ਼ਦ ਦੀ ਅਗਵਾਈ ਕੀਤੀ।

ਮੰਤਰੀਆਂ ਨੇ ਰਾਜਨੀਤਿਕ ਅਤੇ ਸੁਰੱਖਿਆ, ਆਰਥਿਕ ਅਤੇ ਵਿੱਤ ਅਤੇ ਲੋਕ ਪੱਧਰੀ ਅਤੇ ਸੱਭਿਆਚਾਰਕ ਵਟਾਂਦਰੇ ਦੇ ਤਿੰਨ ਥੰਮ੍ਹਾਂ ਬਾਰੇ ਅੰਤਰ-ਬ੍ਰਿਕਸ ਸਹਿਯੋਗ ਨੂੰ ਅੱਗੇ ਵਧਾਉਣ 'ਤੇ ਵਿਚਾਰ ਵਟਾਂਦਰਾ ਕੀਤਾ। ਇਸ ਸਬੰਧ ਵਿੱਚ ਉਨ੍ਹਾਂ ਨੇ ਬ੍ਰਿਕਸ ਦੀ ਸ਼ਮੂਲੀਅਤ ਦੇ ਮਾਰਗਦਰਸ਼ਨ ਲਈ ਸੰਸ਼ੋਧਿਤ ਸ਼ਰਤਾਂ ਨੂੰ **2021** ਵਿੱਚ ਅਪਣਾਏ ਜਾਣ ਨੂੰ ਯਾਦ ਕੀਤਾ।

ਉਨ੍ਹਾਂ ਨੇ ਇਸ ਗੱਲ ਦੁਹਰਾਈ ਕਿ ਬ੍ਰਿਕਸ ਦੇਸ਼ ਕੋਵਿਡ-**19** ਮਹਾਂਮਾਰੀ ਦੇ ਫੈਲਣ ਅਤੇ ਇਸਦੇ ਪ੍ਰਭਾਵਾਂ ਨੂੰ ਰੋਕਣ ਲਈ ਮਿਲ ਕੇ ਕੰਮ ਕਰਨਾ ਜਾਰੀ ਰੱਖਣਗੇ ਅਤੇ ਮਹਾਂਮਾਰੀ ਨਾਲ ਨਜਿੱਠਣ ਵਿੱਚ ਆਲਮੀ ਸਿਹਤ ਸੰਗਠਨ  ਦੀ ਮੋਢੀ ਭੂਮਿਕਾ ਦੀ ਹਮਾਇਤ ਕਰਨਗੇ, ਜਿੰਨਾਂ ਵਿੱਚ ਟ੍ਰਿਪਸ ਛੋਟ ਪ੍ਰਸਤਾਵ ਸਮੇਤ **WTO** ਵਿੱਚ ਚੱਲ ਰਹੀ ਚਰਚਾ ਦਾ ਮਹੱਤਵ ਅਤੇ **2030** ਟਿਕਾਊ ਵਿਕਾਸ ਏਜੰਡੇ ਨੂੰ ਲਾਗੂ ਕਰਨ ਦੀ ਮੰਗ ਵੀ ਸ਼ਾਮਲ ਹਨ।

ਮੰਤਰੀਆਂ ਨੇ ਯੂਕਰੇਨ ਦੇ ਹਾਲਤ ਬਾਰੇ ਚਰਚਾ ਕੀਤੀ ਅਤੇ ਰੂਸ ਅਤੇ ਯੂਕਰੇਨ ਵਿਚਾਲੇ ਗੱਲਬਾਤ ਦੀ ਹਮਾਇਤ ਕੀਤਾ। ਉਨ੍ਹਾਂ ਨੇ ਇਸ ਸੰਘਰਸ਼ ਦੇ ਊਰਜਾ ਅਤੇ ਭੋਜਨ ਸੁਰੱਖਿਆ ਤੇ ਪੈਣ ਵਾਲੇ ਪ੍ਰਭਾਵਾਂ 'ਤੇ ਚਿੰਤਾ ਜ਼ਾਹਰ ਕੀਤੀ।

ਮੰਤਰੀਆਂ ਨੇ ਸੁਧਾਰ ਦੀ ਪ੍ਰਕਿਰਿਆ ਨੂੰ ਅੱਗੇ ਵਧਾਉਣ ਅਤੇ ਸੰਯੁਕਤ ਰਾਸ਼ਟਰ ਅਤੇ ਇਸਦੀ ਸੁਰੱਖਿਆ ਪ੍ਰੀਸ਼ਦ ਸਮੇਤ ਆਲਮੀ ਸੰਗਠਨਾਂ ਅਤੇ ਬਹੁਪੱਖੀ 'ਤੇ ਵਿਕਾਸਸ਼ੀਲ ਦੇਸ਼ਾਂ ਦੀ ਵੱਧ ਤੋਂ ਵੱਧ ਨੁਮਾਇੰਦਗੀ ਦੇ ਸੱਦੇ ਦਾ ਸਮਰਥਨ ਕੀਤਾ ਤਾਂ ਜੋ ਉਹ ਆਲਮੀ ਸ਼ਾਸਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਣ।

ਮੰਤਰੀਆਂ ਨੇ ਦੁਹਰਾਇਆ ਕਿ **UNFCCC** ਅਤੇ ਇਸਦੇ ਪੈਰਿਸ ਸਮਝੌਤੇ ਦੇ ਉਦੇਸ਼ਾਂ, ਸਿਧਾਂਤਾਂ ਅਤੇ ਵਿਵਸਥਾਵਾਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਵਿਕਾਸਸ਼ੀਲ ਦੇਸ਼ਾਂ ਨੂੰ ਜਲਵਾਯੂ ਪਰਿਵਰਤਨ ਨਾਲ ਨਜਿੱਠਣ ਵਿੱਚ ਸਹਾਇਤਾ ਕਰਨ ਲਈ ਤਕਨਾਲੋਜੀ ਅਤੇ ਜਲਵਾਯੂ ਵਿੱਤ ਪ੍ਰਦਾਨ ਕਰਨ ਲਈ ਵਿਕਸਤ ਦੇਸ਼ਾਂ ਦੁਆਰਾ ਆਪਣੀਆਂ ਵਚਨਬੱਧਤਾਵਾਂ ਦੀ ਪੂਰਤੀ ਕੀਤੀ ਜਾਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਮੰਤਰੀਆਂ ਨੇ ਕਿਸੇ ਵੀ ਸਮੇਂ, ਕਿੱਥੇ ਵੀ ਅਤੇ ਕਿਸੇ ਵੀ ਰੂਪ ਵਿੱਚ ਹੋਣ ਵਾਲੇ ਅੱਤਵਾਦ ਦੀ ਸਖਤ ਨਿਖੇਧੀ ਕੀਤੀ ਅਤੇ ਅੱਤਵਾਦੀਆਂ ਦੀ ਸਰਹੱਦ ਪਾਰ ਦੀ ਆਵਾਜਾਈ ਸਮੇਤ ਇਸ ਦੇ ਸਾਰੇ ਰੂਪਾਂ ਅਤੇ ਪ੍ਰਗਟਾਵੇ ਨਾਲ ਨਜਿੱਠਣ ਪ੍ਰਤੀ ਵਚਨਬੱਧਤਾ ਵੀ ਪ੍ਰਗਟਾਈ।

ਮੰਤਰੀਆਂ ਨੇ ਆਲਮੀ ਸ਼ਾਸਨ ਬਾਰੇ 'ਤੇ ਬ੍ਰਿਕਸ ਅਤੇ ਵਿਕਾਸਸ਼ੀਲ ਦੇਸ਼ਾਂ ਦਰਮਿਆਨ ਹੋਈ ਗੱਲਬਾਤ ਵਿੱਚ ਹਿੱਸਾ ਲਿਆ ਅਤੇ ਬ੍ਰਿਕਸ ਪ੍ਰਕਿਰਿਆ ਨਾਲ ਵਧੇਰੇ ਸ਼ਮੂਲੀਅਤ ਬਾਰੇ ਚਰਚਾ ਕੀਤੀ।

ਮੰਤਰੀਆਂ ਨੇ ਬੀ**2**ਬੀ ਅਤੇ ਪੀ**2**ਪੀ**,** ਦੋਵਾਂ ਫਾਰਮੈਟਾਂ ਵਿੱਚ ਹੋਏ ਘਟਨਾਕ੍ਰਮ ਅਤੇ ਮੀਟਿੰਗਾਂ ਦਾ ਸੁਆਗਤ ਕੀਤਾ ਅਤੇ ਇਨ੍ਹਾਂ ਖੇਤਰਾਂ ਵਿੱਚ ਵਧੇਰੇ ਸਹਿਯੋਗ ਦੀ ਉਮੀਦ ਪ੍ਰਗਟਾਈ।

ਨਵੀਂ ਦਿੱਲੀ
**19** ਮਈ**, 2022**

DISCLAIMER: This is an approximate translation. The original is available in English on MEA's website and may be referred to as the official press release.